# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਕਸਟਮ ਅਤੇ ਆਬਕਾਰੀ ਵਿਭਾਗ

ਕਸਟਮ ਅਤੇ ਆਬਕਾਰੀ ਵਿਭਾਗ (C&ED) ਇੱਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਹੈ ਜੋ ਕਿ ਹਾਂਗਕਾਂਗ ਦੇ ਵਿਸ਼ੇਸ਼ ਪ੍ਰਬੰਧਕੀ ਖੇਤਰ ਦੀ ਤਸਕਰੀ, ਕਰ ਯੋਗ ਚੀਜ਼ਾਂ 'ਤੇ ਆਮਦਨੀ ਦੀ ਰਾਖੀ ਅਤੇ ਇਕੱਤਰ ਕਰਨ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਸ਼ਿਆਂ ਦਾ ਪਤਾ ਲਗਾਉਣਾ ਅਤੇ ਰੋਕਥਾਮ, ਬੌਧਿਕ ਜਾਇਦਾਦ ਦੇ ਅਧਿਕਾਰਾਂ ਦੀ ਰਾਖੀ, ਖਪਤਕਾਰਾਂ ਦੇ ਹਿੱਤਾਂ ਦੀ ਰਾਖੀ, ਜਾਇਜ਼ ਵਪਾਰ ਦੀ ਰੱਖਿਆ ਅਤੇ ਸਹੂਲਤ ਪ੍ਰਦਾਨ ਕਰਨ ਅਤੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਅਸੀਂ ਨਸਲ ਅਤੇ ਜਾਤੀਗਤ ਉਤਪੱਤੀ ਦੀ ਪਰਵਾਹ ਕੀਤੇ ਬਿਨਾਂ ਹਮੇਸ਼ਾਂ ਪੇਸ਼ੇਵਰ ਅਤੇ ਨਿਰਪੱਖਤਾ ਨਾਲ ਸੇਵਾ ਕਰਦੇ ਹਾਂ।

### A. ਜਨਤਾ ਦੇ ਲੋਕਾਂ ਨਾਲ ਵਿਵਹਾਰ

| | |
|---|---|
| ਮੌਜੂਦਾ ਉਪਾਅ | • ਸੇਵਾਵਾਂ ਚੀਨੀ ਅਤੇ/ਜਾਂ ਅੰਗਰੇਜ਼ੀ ਵਿੱਚ ਦਿੱਤੀਆਂ ਜਾਂਦੀਆਂ ਹਨ। ਲੋਕਾਂ ਨੂੰ ਵੰਡਣ ਲਈ ਉਪਲੱਬਧ ਪੱਤਰ ਅਤੇ ਪਰਚੇ, ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਛਾਪੇ ਗਏ ਹਨ। |
| | • ਗਿਰਫਤਾਰ ਕੀਤੇ ਗਏ ਅਤੇ ਨਜ਼ਰਬੰਦ ਵਿਅਕਤੀਆਂ ਲਈ ਜਿੱਥੇ ਜ਼ਰੂਰੀ ਹੁੰਦਾ ਹੈ C&ED ਵਿਆਖਿਆ ਸੇਵਾਵਾਂ ਪ੍ਰਦਾਨ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਸੰਬੰਧਿਤ ਕਾਨੂੰਨਾਂ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਸਮਝ ਸਕਣ। |
| | • ਗੈਰ-ਨਸਲੀ ਚੀਨੀ (NEC) ਕਮਯੂਨਿਟੀ ਲਈ C&ED ਦੀ ਭਰਤੀ-ਪ੍ਰਚਾਰ ਦੀਆਂ ਕੋਸ਼ਿਸ਼ਾਂ ਨੂੰ ਵਧਾਉਣ ਅਤੇ ਸੰਬੰਧਤ ਸਕੂਲਾਂ ਅਤੇ ਸੰਸਥਾਵਾਂ ਤੱਕ ਪਹੁੰਚ ਦੇ ਜਰੀਏ NEC ਨੌਜਵਾਨਾਂ ਨਾਲ ਇੱਕ ਨੈਟਵਰਕ ਬਨਾਉਣ ਲਈ ਇੱਕ ਸਮਰਪਿਤ ਟੀਮ ਬਣਾਈ ਗਈ ਹੈ। |
| | • C&ED ਨੌਜਵਾਨਾਂ ਦੀਆਂ ਸਕਾਰਾਤਮਕ ਕਦਰਾਂ-ਕੀਮਤਾਂ, ਕਾਨੂੰਨ ਦੀ ਪਾਲਣਾ ਕਰਨ ਵਾਲੀ ਜਾਗਰੂਕਤਾ ਦੇ ਨਾਲ-ਨਾਲ ਸਿੱਖਿਆ ਦੀ ਵਿਭਿੰਨ ਸ਼੍ਰੇਣੀ ਦੁਆਰਾ ਸਮਾਜ ਅਤੇ ਦੇਸ਼ ਨਾਲ ਸਬੰਧਤ ਹੋਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਨਵੇਂ ਪੇਸ਼ ਕੀਤੇ ਗਏ ਯੁਵਾ ਪ੍ਰੋਗਰਾਮ "Customs YES" ਰਾਹੀਂ ਵੱਖ-ਵੱਖ ਨਸਲਾਂ ਦੇ ਨੌਜਵਾਨਾਂ ਨੂੰ ਸ਼ਾਮਲ ਕਰਦਾ ਹੈ। ਗਤੀਵਿਧੀਆਂ। |
| ਭਵਿੱਖ ਦੇ ਕੰਮ ਦਾ | • ਪ੍ਰਭਾਵਸ਼ਾਲੀ ਸੇਵਾ ਦੇ ਪ੍ਰਬੰਧਾਂ ਦੀ ਨਿਰੰਤਰ ਨਿਗਰਾਨੀ ਲਈ |

| | |
|---|---|
| ਮੁਲਾਂਕਣ | "ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦੀ ਸੰਖਿਆ", "ਭਾਸ਼ਾ ਦੁਆਰਾ ਵਿਆਖਿਆ ਅਤੇ ਅਨੁਵਾਦ ਸੇਵਾਵਾਂ" ਅਤੇ "ਸੇਵਾ ਉਪਜੋਗਕਰਤਾ, ਜਿਨ੍ਹਾਂ ਨੂੰ ਵਿਆਖਿਆ/ਅਨੁਵਾਦ ਦੀ ਲੋੜ ਹੈ, ਦੁਆਰਾ ਦਰਜ਼ ਕੀਤੀਆਂ ਗਈਆਂ ਸ਼ਿਕਾਇਤਾਂ" ਤੇ ਅੰਕੜੇ ਇਕੱਤਰ ਕਿੱਤੇ ਜਾ ਰਹੇ ਹਨ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • ਜਿੱਥੇ ਜ਼ਰੂਰੀ ਅਤੇ ਵਿਵਹਾਰਕ ਹੈ, ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ। |

**B. ਸਟਾਫ ਦੀ ਸਿਖਲਾਈ**

| | |
|---|---|
| ਮੌਜੂਦਾ ਉਪਾਅ | • C&ED ਦੀਆਂ ਸਾਰੀਆਂ ਨਵੀਆਂ ਭਰਤੀਆਂ ਨੂੰ, ਨਸਲੀ ਬਰਾਬਰੀ ਦੇ ਮੁੱਦਿਆਂ ਪ੍ਰਤੀ ਸਟਾਫ ਦੀ ਸਮਝ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ ਸਿਖਲਾਈ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੋ ਕੇ ਨਸਲੀ ਬਰਾਬਰੀ 'ਤੇ ਸਿਖਲਾਈ ਲੈਣੀ ਚਾਹੀਦੀ ਹੈ।<br>• ਨਸਲੀ ਬਰਾਬਰੀ ਦੇ ਕੋਰਸਾਂ ਦਾ ਪ੍ਰਬੰਧ ਇੱਕ ਬਹੁ-ਸਭਿਆਚਾਰਕ ਅਤੇ ਸਤਿਕਾਰ ਯੋਗ ਕਾਰਜਕਰੀ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਜਾਂਦਾ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • C&ED ਨਿਯਮਤ ਰੂਪ ਵਿੱਚ ਆਪਣੀ ਸਿਖਲਾਈ ਨੀਤੀ ਦਾ ਮੁਲਾਂਕਣ ਅਤੇ ਸਮੀਖਿਆ ਕਰਦਾ ਹੈ। ਕਰਮਚਾਰੀਆਂ ਲਈ ਨਸਲੀ ਬਰਾਬਰੀ 'ਤੇ ਆਪਣੇ ਗਿਆਨ ਨੂੰ ਬਿਹਤਰ ਬਣਾਉਣ ਲਈ ਢੁਕਵੇਂ ਸਿਖਲਾਈ ਕੋਰਸਾਂ ਦਾ ਪ੍ਰਬੰਧ ਕਰਨ ਲਈ ਨਸਲੀ ਬਰਾਬਰੀ 'ਤੇ ਸਿਖਲਾਈ ਪ੍ਰੋਗਰਾਮਾਂ ਦੀ ਸਮੱਗਰੀ ਨੂੰ ਭਰਪੂਰ ਬਣਾਉਣ ਲਈ ਅਧਿਕਾਰੀਆਂ, ਹੋਰ ਵਿਭਾਗਾਂ ਅਤੇ NGOs ਤੋਂ ਫੀਡਬੈਕ ਅਤੇ ਟਿੱਪਣੀਆਂ ਇਕੱਤਰ ਕੀਤੀਆਂ ਜਾਂਦੀਆਂ ਹਨ। |
| ਕੀਤੇ ਗਏ/ਕੀਤੇ ਜਾਣ ਵਾਲੇ ਵਾਧੂ ਉਪਾਅ | • ਸਿਵਲ ਸੇਵਾ ਬਿਊਰੋ ਦੇ ਸਿਵਲ ਸਰਵਿਸ ਕਾਲਜ ਦੁਆਰਾ ਬਰਾਬਰੀ ਦੇ ਮੌਕੇ ਦੇ ਕਮਿਸ਼ਨ ਦੇ ਨਾਲ ਮਿਲ ਕੇ ਨਸਲੀ ਸੰਵੇਦਨਸ਼ੀਲਤਾ ਅਤੇ ਸਭਿਆਚਾਰਕ ਵਿਭਿੰਨਤਾ ਦੇ ਕੋਰਸਾਂ ਵਿੱਚ ਸ਼ਾਮਿਲ ਹੋਣ ਲਈ ਸਟਾਫ ਦਾ ਪ੍ਰਬੰਧ ਕੀਤਾ ਗਿਆ ਹੈ । |

ਨਸਲੀ ਬਰਾਬਰੀ ਨੂੰ ਉਤਸ਼ਾਹਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਵਿੱਚ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠ ਲਿਖੀਆਂ ਚੈਨਲਾਂ ਰਾਹੀਂ Miss Augusta CHUNG, ਡਿਪਟੀ ਵਿਭਾਗੀ ਸਕੱਤਰ (ਪ੍ਰਬੰਧਨ ਸਹਾਇਤਾ) ਨਾਲ ਸੰਪਰਕ ਕਰੋ -

ਟੈਲੀਫੋਨ ਨੰ. : 3759 2155

ਫੈਕਸ ਨੰ. : 3108 2311
ਈ -ਮੇਲ : augusta_wt_chung@customs.gov.hk
ਡਾਕ ਪਤਾ : Customs Headquarters Building, 222 Java Road, North Point, Hong Kong

ਕਸਟਮ ਅਤੇ ਆਬਕਾਰੀ ਵਿਭਾਗ
ਮਈ 2023